# ਇਹ ਤੁਹਾਡਾ ਨਵਾਂ ਕ੍ਰੋਮਬੁਕ ਹੈ

ਨਾਲ ਨੱਥੀ ਗਾਈਡ ਤੁਹਾਨੂੰ ਤੁਹਾਡਾ ਨਵਾਂ ਕ੍ਰੋਮਬੁਕ ਸੈੱਟ ਅਪ ਕਰਨ ਵਿੱਚ ਸਹਾਇਤਾ ਕਰੇਗੀ।

ਜੇ ਤੁਸੀਂ ਪਹਿਲੇ ਕਦੀਂ ਕ੍ਰੋਮਬੁਕ ਨਹੀਂ ਵਰਤਿਆ ਹੈ ਤਾਂ ਨਾ ਘਬਰਾਓ, ਤੁਹਾਡਾ ਡਿਜੀਟਲ ਚੈਮਪੀਅਨ ਇਸ ਨੂੰ ਸੈੱਟ ਅਪ ਕਰਨ ਅਤੇ ਸ਼ੁਰੂ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ।

ਤੁਹਾਨੂੰ ਆਨਲਾਈਨ ਜੋ ਕੁਝ ਕਰਨ ਦੀ ਲੋੜ ਹੈ ਉਹ ਉਸ ਵਿੱਚ ਵੀ ਤੁਹਾਡੀ ਮਦਦ ਕਰ ਸਕਦਾ ਹੈ। ਉਦਾਹਰਣ ਲਈ:

- ਵੀਡੀਓ ਕਾਲਿੰਗ ਸੈੱਟ-ਅਪ ਕਰਨ ਵਿੱਚ ਤਾਂ ਜੋ ਤੁਸੀਂ ਮਿਤਰਾਂ ਅਤੇ ਪਰਿਵਾਰ ਨਾਲ ਸੰਪਰਕ ਵਿੱਚ ਰਹਿ ਸਕੋ।
- ਸੌਦਾ ਆਰਡਰ ਕਰਨ ਵਿੱਚ
- ਖਬਰਾਂ ਅਤੇ ਮੌਜੂਦਾ ਮਾਮਲਿਆ ਬਾਰੇ ਜਾਣਕਾਰੀ ਰੱਖਣ ਵਿੱਚ

ਤੁਹਾਡੀ ਕ੍ਰੋਮਬੁਕ ਅਤੇ ਇੰਟਰਨੈਟ ਤੱਕ ਪਹੁੰਚ ਮੁਫ਼ਤ ਹਨ, ਇਸ ਕਰਕੇ ਵਰਤੋਂ ਕਰਨ ਵਿੱਚ ਤੁਹਾਡਾ ਕੋਈ ਖਰਚਾ ਨਹੀਂ ਹੋਏਗਾ।

**ਆਨਲਾਈਨ ਸ਼ੁਰੂਆਤ ਕਰਨ ਲਈ ਜੰਤਰ ਨਾਲ ਹੋਰ ਸਹਾਇਤਾ ਅਤੇ ਸਹਾਇਕ ਜਾਣਕਾਰੀ ਇੱਥੇ ਪਰਾਪਤ ਕਰੋ start.connecting.scot**

# ਤੁਹਾਡਾ ਕ੍ਰੋਮਬੁਕ ਕਿਸ ਤਰ੍ਹਾਂ ਸੈੱਟ ਕਰਨਾ ਹੈ

## ਕਦਮ 1

ਪਹਿਲਾਂ ਇਸਨੂੰ ਆਨ ਕਰੋ।

ਸੁਨਿਸ਼ਚਿਤ ਕਰੋ ਕਿ ਤੁਸੀਂ ਮੁਹੱਈਆ ਕੀਤੀ ਗਈ ਤਾਰ ਦੀ ਵਰਤੋਂ ਕਰਦਿਆਂ ਹੋਇਆਂ ਇਸਨੂੰ ਪਲੱਗ ਕੀਤਾ ਹੈ।


ਸੁਨਿਸ਼ਚਿਤ ਕਰੋ ਕਿ ਤੁਸੀਂ ਆਪਣਾ ਮੋਬਾਈਲ ਵਾਈ-ਫਾਈ ਵੀ ਆਨ ਕੀਤਾ ਹੈ।

ਅਸੀਂ ਤੁਹਾਡੇ ਮੋਬਾਈਲ ਵਾਈ-ਫਾਈ ਜੰਤਰ ਸੈੱਟ ਅਪ ਕਰਨ ਵਿੱਚ ਤੁਹਾਡੀ ਸਹਾਇਤਾ ਲਈ ਇੱਕ ਗਾਈਡ ਪਰਦਾਨ ਕੀਤੀ ਹੈ।



## ਕਦਮ 2

ਆਪਣੀ ਭਾਸ਼ਾ ਚੁਣੋ ਅਤੇ 'ਲੈਟਸ ਗੋ' ਦਬਾਓ।




## ਕਦਮ 3

ਇੱਕ ਵਾਈ-ਫਾਈ ਨੈਟਵਰਕ ਨਾਲ ਕਨੈਕਟ ਕਰੋ ਫਿਰ 'ਨੈਕਸਟ' ਉੱਤੇ ਕਲਿਕ ਕਰੋ।

ਨੈਟਵਰਕ ਉਸ ਮੋਬਾਈਲ ਵਾਈ-ਫਾਈ ਦਾ ਨਾਂ ਹੈ ਜੋ ਤੁਹਾਡੇ ਕ੍ਰੋਮਬੁਕ ਨਾਲ ਮਿਲਦਾ ਹੈ।


ਇਹ ਮੋਬਾਈਲ ਵਾਈ-ਫਾਈ ਡੱਬੇ ਦੇ ਇੱਕ ਪਾਸੇ ਲੇਬਲ ਉੱਤੇ ਹੋਏਗਾ।



## ਕਦਮ 4

ਗੂਗਲ ਦੇ ਨਿਯਮ ਅਤੇ ਸ਼ਰਤਾਂ ਸਵੀਕਾਰ ਕਰੋ।


‘ਐਕਸੈਪਟ ਐਂਡ ਕਲਟੀਨਯੂ’ ਕਲਿਕ ਕਰੋ।



## ਕਦਮ 5

ਆਪਣੇ ਗੂਗਲ ਅਕਾਊਂਟ ਦਾ ਵੇਰਵਾ ਪਾਓ।

ਜੇ ਤੁਹਾਡੇ ਕੋਲ ਗੂਗਲ ਅਕਾਊਂਟ ਨਹੀਂ ਹੈ, 'ਮੋਰ ਐਕਸ਼ਨਸ' ਉੱਤੇ ਕਲਿਕ ਕਰੋ ਅਤੇ ਫਿਰ 'ਕ੍ਰੀਏਟ ਅਕਾਊਂਟ' ਉੱਤੇ।




## ਕਦਮ 6

ਤੁਹਾਨੂੰ ਪਾਉਣ ਲਈ ਕਿਹਾ ਜਾਏਗਾ:

ਤੁਹਾਡਾ ਪਹਿਲਾ ਨਾਂ
ਤੁਹਾਡਾ ਆਖਰੀ ਨਾਂ

'ਨੈਕਸਟ' ਉੱਤੇ ਕਲਿਕ ਕਰੋ।




## ਕਦਮ 7

ਫਿਰ ਤੁਹਾਨੂੰ ਪਾਉਣ ਲਈ ਕਿਹਾ ਜਾਏਗਾ:

ਤੁਹਾਡੀ ਜਨਮ ਦੀ ਤਰੀਕ
ਲਿੰਗ

'ਨੈਕਸਟ' ਉੱਤੇ ਕਲਿਕ ਕਰੋ।




## ਕਦਮ 8

ਫਿਰ ਤੁਹਾਨੂੰ ਇੱਕ ਈਮੇਲ ਅਡਰੈੱਸ ਚੁਣਨ ਲਈ ਕਿਹਾ ਜਾਏਗਾ।

ਜਿਹੜਾ ਤੁਹਾਨੂੰ ਪਸੰਦ ਹੈ ਚੁਣੋ ਜਾਂ ਆਪਣਾ ਨਵਾਂ ਬਣਾਓ।

ਆਪਣੇ ਰਿਕਾਰਡਾਂ ਲਈ ਇਸ ਈਮੇਲ ਅਡਰੈੱਸ ਨੂੰ ਲਿਖ ਕੇ ਰਖਣਾ ਯਾਦ ਰਖੋ।

ਫਿਰ 'ਨੈਕਸਟ' ਉੱਤੇ ਕਲਿਕ ਕਰੋ।



## ਕਦਮ 9

ਇੱਕ ਮਜ਼ਬੂਤ ਪਾਸਵਰਡ ਬਣਾਓ। ਇੱਕ ਮਜ਼ਬੂਤ ਪਾਸਵਰਡ ਤੁਹਾਡੀ ਸਹਾਇਤਾ ਕਰਦਾ ਹੈ:

- ਤੁਹਾਡੀ ਨਿਜੀ ਜਾਣਕਾਰੀ ਸੁਰੱਖਿਅਤ ਰੱਖਣ ਵਿੱਚ
- ਤੁਹਾਡੀ ਈਮੇਲਾਂ ਅਤੇ ਫਾਈਲਾਂ ਸੁਰੱਖਿਅਤ ਰੱਖਣ ਵਿੱਚ
- ਕਿਸੇ ਹੋਰ ਨੂੰ ਤੁਹਾਡੇ ਅਕਾਊਂਟ ਵਿੱਚ ਵੜਨ ਤੋਂ ਰੋਕਨ ਵਿੱਚ

ਕੋਈ ਇਹੋ ਜਿਹਾ ਪਾਸਵਰਡ **ਨਾ ਬਣਾਓ** ਜਿਸਦਾ ਅੰਦਾਜ਼ਾ ਲਗਾਉਣਾ ਅਸਾਨ ਹੋਏ।

ਵੱਡੇ ਅਤੇ ਛੋਟੇ ਅੱਖਰਾਂ, ਚਿੰਨ੍ਹ ਅਤੇ ਸੰਖਿਆਵਾਂ ਦੇ ਸੁਮੇਲ ਦੀ ਵਰਤੋਂ **ਕਰੋ।**


ਆਮ ਵਰਤੋਂ ਕੀਤੇ ਜਾਣ ਵਾਲੇ ਪਾਸਵਰਡਾਂ ਦੀ ਵਰਤੋਂ **ਨਾ ਕਰੋ** ਜਿਵੇਂ 123456।

ਪੱਕਾ **ਕਰੋ** ਕਿ ਤੁਹਾਡਾ ਯੂਜ਼ਰ ਪਾਸਵਰਡ ਘਟੋ-ਘੱਟ ਅੱਠ ਅੱਖਰ ਲੰਬਾ ਹੋਏ।

ਕਿਸੇ ਭਾਸ਼ਾ ਵਿੱਚ ਇਕੱਲੇ ਸ਼ਬਦ ਦੀ ਵਰਤੋਂ **ਨਾ ਕਰੋ।** ਉਦਾਹਰਣ ਲਈ **'ਫੁੱਟਬਾਲ'।**

ਆਪਣੇ ਨਾਂ ਦੇ ਕਿਸੇ ਵਿਉਤਪਤ ਸ਼ਬਦ, ਪਰਿਵਾਰ ਦੇ ਕਿਸੇ ਸਦੱਸ ਜਾਂ ਕਿਸੇ ਪਾਲਤੂ ਜਾਨਵਰ ਦੇ ਨਾਂ ਦੀ ਵਰਤੋਂ **ਨਾ ਕਰੋ।** ਨਾਵਾਂ ਤੋਂ ਇਲਾਵਾ, ਫੋਨ ਨੰਬਰਾਂ, ਪਤੇ ਜਾਂ ਜਨਮ ਤਰੀਕਾਂ ਦੀ ਵਰਤੋਂ ਨਾ ਕਰੋ।"


'ਨੈਕਸਟ' ਉੱਤੇ ਕਲਿਕ ਕਰੋ।



## ਕਦਮ 10

ਫੋਨ ਨੰਬਰ ਸ਼ਾਮਲ ਕਰੋ।

ਤੁਸੀਂ ਇੱਕ ਫੋਨ ਨੰਬਰ ਸ਼ਾਮਲ ਕਰ ਸਕਦੇ ਹੋ ਜੇ ਤੁਹਾਨੂੰ ਆਪਣਾ ਪਾਸਵਰਡ ਰੀਸੈੱਟ ਕਰਨ ਵਿੱਚ ਸਹਾਇਤਾ ਦੀ ਲੋੜ ਹੈ ਜੇ ਤੁਸੀਂ ਭੁੱਲ ਜਾਂਦੇ ਹੋ।



ਜੇ ਨਹੀਂ, ਤਾਂ ਤੁਸੀਂ ਸਫੇ ਦੇ ਥੱਲੇ ਤੱਕ ਜਾਓ (ਟੱਚਪੈਡ ਉੱਤੇ 2 ਉਂਗਲਾਂ ਰੱਖੋ ਅਤੇ ਨਰਮੀ ਨਾਲ ਥੱਲੇ ਖਿਸਕਾਓ। ਸਕਰੀਨ ਉਸ ਪਾਸੇ ਹਿਲਨੀ ਚਾਹੀਦੀ ਹੈ ਜਿਸ ਪਾਸੇ ਤੁਹਾਡੀਆਂ ਉਂਗਲਾਂ ਜਾ ਰਹੀਆਂ ਹਨ)। 'ਸਕਿਪ' ਉੱਤੇ ਕਲਿਕ ਕਰੋ।




## ਕਦਮ 11

ਲਗਭਗ ਖ਼ਤਮ ਹੋਣ ਵਾਲਾ ਹੈ!

ਕੋਈ ਨਿਯਮ ਅਤੇ ਸ਼ਰਤਾਂ ਸਵੀਕਾਰ ਕਰੋ ਜੋ ਨਜ਼ਰ ਆਉਂਦੀਆਂ ਹਨ।

ਅੱਗੇ 'ਸਵੀਕਾਰ ਕਰੋ ਅਤੇ ਜਾਰੀ ਰਖੋ' ਸਮਕਾਲੀਕਰਨ ਵਿਕਲਪ।




## ਕਦਮ 12

ਗੂਗਲ ਐਪ ਸਟੋਰ ਇੱਕ ਥਾਂ ਹੈ ਜਿੱਥੇ ਤੁਸੀਂ ਖਰੀਦ ਸਕਦੇ ਹੋ:

- ਐਪਸ – ਸੱਮਗਰੀਆਂ ਜੋ ਖਰੀਦਦਾਰੀ, ਵੀਡੀਓ ਦੇਖਣਾ ਅਤੇ ਆਨਲਾਈਨ ਬੈਂਕਿੰਗ ਵਰਗੀਆਂ ਚੀਜ਼ਾਂ ਕਰਨਾ ਅਸਾਨ ਬਣਾਉਂਦੀਆਂ ਹਨ।
- ਖੇਡਾਂ
- ਫਿਲਮਾਂ, ਜਾਂ ਕਿਰਾਏ ਤੇ ਲਓ
- ਈ-ਕਿਤਾਬਾਂ

'ਮੋਰ' ਉੱਤੇ ਕਲਿਕ ਕਰੋ।

ਫਿਰ 'ਐਕਸੈਪਟ' ਉੱਤੇ ਕਲਿਕ ਕਰੋ।




# ਕਦਮ 13

ਗੂਗਲ ਅਸੀਸਟੈਂਟ ਅਵਾਜ਼ ਨਾਲ ਸਰਗਰਮ ਹੋਣ ਵਾਲਾ ਇੱਕ ਸਹਾਇਕ ਹੈ। ਤੁਸੀਂ ਇਸਦੀ ਵਰਤੋਂ ਇੱਕ ਖਰੀਦਦਾਰੀ ਲਿਸਟ ਬਣਾਉਣ ਲਈ, ਨਵੀਂਆ ਖਬਰਾਂ ਸੁਣਨ ਲਈ ਅਤੇ ਸੰਗੀਤ ਸੁਣਨ ਵਰਗੀਆਂ ਚੀਜ਼ਾਂ ਕਰਨਾ ਲਈ ਕਰ ਸਕਦੇ ਹੋ।

ਗੂਗਲ ਅਸੀਸਟੈਂਟ ਦੀ ਵਰਤੋਂ ਲਈ:

‘ਟਰਨ ਆਨ’ ਉੱਤੇ ਕਲਿਕ ਕਰੋ।
ਅਗਲੀ ਸਕਰੀਨ ਉੱਤੇ, ‘ਕਨਟੀਨਯੂ’ ਕਲਿਕ ਕਰੋ।

ਫਿਰ ਅਗਲੀ ਸਕਰੀਨ ਉੱਤੇ ‘ਟਰਨ ਆਫ਼’ ਕਲਿਕ ਕਰੋ।




## ਕਦਮ 14

ਤੁਸੀਂ ਇੰਟਰਨੈੱਟ ਦੀਆਂ ਸੁਵਿਧਾਵਾਂ ਵਰਤਨਾ ਸ਼ੁਰੂ ਕਰਨ ਲਈ ਤਿਆਰ ਹੋ।

ਗੂਗਲ ਕ੍ਰੋਮ ਚਲਾਉਣ ਲਈ ਗੂਗਲ ਕ੍ਰੋਮ ਉੱਤੇ ਕਲਿਕ ਕਰੋ।

ਗੂਗਲ ਕ੍ਰੋਮ ਇੱਕ ‘ਵੈਬ ਬ੍ਰਾਉਜ਼ਰ’ ਹੈ। ਇਹ ਉਹ ਹੈ ਜਿਸਦੀ ਵਰਤੋਂ ਤੁਸੀਂ ਇੰਟਰਨੈੱਟ ਉੱਤੇ ਜਾਣਕਾਰੀ ਦੇਖਣ ਲਈ ਕਰਦੇ ਹੋ।



## ਆਨਲਾਈਨ ਤੇ ਸੁਰੱਖਿਅਤ ਰਹਿਣਾ

ਇਹ ਮਹੱਤਵਪੂਰਣ ਹੈ ਕਿ ਤੁਹਾਨੂੰ ਪਤਾ ਹੋਵੇ ਕਿ ਆਨਲਾਈਨ ਉੱਤੇ ਆਪਣੇ ਆਪ ਨੂੰ ਕਿਸ ਤਰ੍ਹਾਂ ਸੁਰੱਖਿਅਤ ਰਖਣਾ ਹੈ। ਇਹ ਕੁਝ ਚੀਜ਼ਾਂ ਹਨ ਜੋ ਤੁਸੀਂ ਕਰ ਸਕਦੇ ਹੋ ਜੋ ਸਹਾਇਤਾ ਕਰਣਗੀਆਂ:

- ਆਪਣੇ ਬੈਂਕ ਜਾਂ ਡੈਬਿਟ ਕਾਰਡ ਦੇ ਵੇਰਵਿਆਂ ਨੂੰ ਕਿਸੇ ਨਾਲ ਸਾਂਝਾ ਨਾ ਕਰੋ ਜਦੋਂ ਤੱਕ ਤੁਹਾਨੂੰ ਨਾ ਦਿਖਾਇਆ ਗਿਆ ਹੋਏ ਕਿ ਸੁਰੱਖਿਅਤ ਤਰੀਕੇ ਨਾਲ ਆਨਲਾਈਨ ਖਰੀਦਦਾਰੀ ਕਿਵੇਂ ਕਰਨੀ ਹੈ।
- ਆਪਣੀ ਨਿਜੀ ਜਾਣਕਾਰੀ ਜਿਵੇਂ ਤੁਹਾਡਾ ਨਾਂ ਜਾਂ ਪਤਾ ਐਸੇ ਲੋਕਾਂ ਨਾਲ ਸਾਂਝਾ ਨਾ ਕਰੋ ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ। ਜਿਹੜੇ ਲੋਕਾਂ ਨੂੰ ਤੁਸੀਂ ਜਾਣਦੇ ਹੋ ਉਹਨਾਂ ਨੂੰ ਇਸ ਜਾਣਕਾਰੀ ਲਈ ਤੁਹਾਨੂੰ ਪੁੱਛਨ ਦੀ ਲੋੜ ਨਹੀਂ ਹੈ।
- ਆਪਣੇ ਪਾਸਵਰਡ ਕਿਸੇ ਨੂੰ ਨਾ ਦੱਸੋ। ਪਾਰਵਰਡ ਤੁਹਾਡੇ ਘਰ ਦੀ ਚਾਬੀਆਂ ਵਰਗੇ ਹਨ। ਜੇ ਤੁਸੀਂ ਇਹ ਕਿਸੇ ਨੂੰ ਦਿਓਗੇ ਤਾਂ ਉਹ ਤੁਹਾਡੀ ਨਿਜੀ ਜਾਣਕਾਰੀ ਹਾਸਲ ਕਰਨ ਲਈ ਇਹਨਾਂ ਦੀ ਵਰਤੋਂ ਕਰ ਸਕਦੇ ਹਨ।
- ਜੇ ਤੁਹਾਨੂੰ ਕਿਸੇ ਚੀਜ਼ ਬਾਰੇ ਸ਼ਕ ਹੈ ਤਾਂ ਨਾ ਕਰੋ। ਜੇ ਤੁਸੀਂ ਨਿਸ਼ਚਿਤ ਨਹੀਂ ਹੋ ਤਾਂ ਆਪਣੇ ਡਿਜੀਟਲ ਚੈਮਪੀਅਨ ਨੂੰ ਪੁੱਛੋ ਕਿ ਕੀ ਕਰਨਾ ਹੈ।
- ਜੋ ਸੁਨੇਹੇ ਜਾਂ ਫੋਟੋਆਂ ਤੁਸੀਂ ਸੋਸ਼ਲ ਮੀਡੀਆ ਉੱਤੇ ਪਾਉਂਦੇ ਹੋ, ਇੱਕ ਪੱਕੇ ਆਨਲਾਈਨ ਰਿਕਾਰਡ ਛੱਡ ਸਕਦੇ ਹਨ। ਇਸ ਕਰਕੇ ਤੁਸੀਂ ਆਨਲਾਈਨ ਉੱਤੇ ਕੀ ਪਾਣਾ ਹੈ ਬਾਰੇ ਸਾਵਧਾਨ ਰਹੋ।
- ਤੁਹਾਨੂੰ ਹੋਰਨਾਂ ਲੋਕਾਂ ਦੇ ਸੁਨੇਹੇ ਅਤੇ ਫੋਟੋਆਂ ਉਹਨਾਂ ਦੀ ਆਗਿਆ ਤੋਂ ਬਿਨਾ ਕਦੀਂ ਵੀ ਨਹੀਂ ਪਾਉਣੇ ਚਾਹੀਦੇ।

**ਆਨਲਾਈਨ ਸ਼ੁਰੂਆਤ ਕਰਨ ਲਈ ਜੰਤਰ ਨਾਲ ਹੋਰ ਸਹਾਇਤਾ ਅਤੇ ਸਹਾਇਕ ਜਾਣਕਾਰੀ ਇੱਥੇ ਪਰਾਪਤ ਕਰੋ start.connecting.scot**